Higher School Certificate (HSC) minimum standard parent meeting request

# ਹਾਇਅਰ ਸਕੂਲ ਸਰਟੀਫੀਕੇਟ (HSC) ਘੱਟੋ ਘੱਟ ਮਿਆਰੀ ਮਾਪਿਆਂ ਦੀ ਮੀਟੰਗ ਲਈ ਫਰਮਾਇਸ਼

Name of student
ਵਿਦਿਆਰਥੀ ਦਾ ਨਾਮ

Name of parent
ਮਾਪੇ ਦਾ ਨਾਮ

Date for meeting
ਮੀਟਿੰਗ ਦੀ ਮਿਤੀ

ਪਿਆਰੇ ਮਾਪਿਓ/ਸੰਭਾਲਕੋ

ਮੈਂ ਤੁਹਾਨੂੰ ਲਿਖ ਕੇ HSC ਦੇ ਘੱਟੋ ਘੱਟ ਮਿਆਰ ਬਾਰੇ ਯਾਦ ਕਰਵਾ ਰਿਹਾ/ਰਹੀ ਹਾਂ। ਵਿਦਿਆਰਥੀਆਂ ਦੇ HSC ਦਾ ਪ੍ਰਮਾਣੀਕਰਣ ਪ੍ਰਾਪਤ ਕਰਨ ਲਈ ਉਨ੍ਹਾਂ ਲਈ ਸਾਖਰਤਾ (decrease space) ਅਤੇ ਅੰਕਾਂ ਦਾ ਘੱਟੋ ਘੱਟ ਪੱਧਰ ਪ੍ਰਾਪਤ ਕਰਨਾ ਲਾਜ਼ਮੀ ਹੈ। ਇਹ ਘੱਟੋ ਘੱਟ ਮਿਆਰ ਪੜ੍ਹਨ, ਲਿਖਣ ਅਤ ਅੰਕਾਂ ਦੀ ਪੜ੍ਹਾਈ ਦੀਆਂ ਆਨਲਾਈਨ ਪ੍ਰੀਖਿਆਵਾਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ।

ਇਸ ਸਮੇਂ ਤੁਹਾਡੇ ਬੱਚੇ ਨੇ ਅਜੇ ਤੱਕ HSC ਦਾ ਘੱਟੋ ਘੱਟ ਮਿਆਰ ਪ੍ਰਾਪਤ ਨਹੀਂ ਕੀਤਾ ਅਤੇ ਇਸ ਲਈ ਉਸ ਨੂੰ HSC ਪ੍ਰਮਾਣ ਪੱਤਰ ਪ੍ਰਾਪਤ ਨਾ ਹੋਣ ਦਾ ਡਰ ਹੈ।

ਤੁਹਾਡੇ ਬੱਚੇ ਨੇ ਹੇਠ ਲਿਖਿਆ (ਮਜ਼ਮੂੰਨਾਂ) ਵਿੱਚ ਮਿਆਰ ਪੂਰਾ ਨਹੀਂ ਕੀਤਾ:

- ☐ Reading
  ਪੜ੍ਹਾਈ
- ☐ Numeracy
  ਅੰਕ
- ☐ Writing
  ਲਿਖਾਈ

ਮੈਂ ਤੁਹਾਡੇ ਬੱਚੇ ਨੂੰ HSC ਦੇ ਘੱਟੋ ਘੱਟ ਮਿਆਰ ਨੂੰ ਪ੍ਰਾਪਤ ਕਰਨ ਦਾ ਹਰ ਅਵਸਰ ਦੇਣਾ ਚਾਹੁੰਦਾ/ਚਾਹੁੰਦੀ ਹਾਂ ਅਤੇ ਤੁਹਾਨੂੰ ਇਸ ਨੂੰ ਪ੍ਰਾਪਤ ਕਰਨ ਲਈ ਉਨ੍ਹਾਂ ਦਾ ਸਮਰਥਨ ਕਰਨ ਲਈ ਹਰ ਮੌਕਾ ਦਿੰਦਾ/ਦਿੰਦੀ ਹਾਂ।

ਮੈਂ ਤੁਹਾਨੂੰ ਉਪਰ ਦੱਸੀ ਗਈ ਤਰੀਕ ‘ਤੇ ਵਿਚਾਰ ਵਟਾਂਦਰੇ ਲਈ ਬੁਲਾਉਣਾ ਚਾਹੁੰਦਾ/ਚਾਹੁੰਦੀ ਹਾਂ, ਤਾਂ ਜੋ ਤੁਸੀਂ, ਤੁਹਾਡਾ ਬੱਚਾ ਅਤੇ ਸਕੂਲ ਮਿਲ ਕੇ ਤੁਹਾਡੇ ਬੱਚੇ ਦੀ ਸਿਖਲਾਈ ਯੋਜਨਾ ਬਾਰੇ ਵਿਚਾਰ-ਵਟਾਂਦਰਾ ਕਰ ਸੱਕੀਏ। ਇਸ ਵਿਚਾਰ –ਵਟਾਂਦਰੇ ਵਿੱਚ ਤੁਹਾਡੇ ਬੱਚੇ ਦੇ HSC ਦੇ ਇਰਾਦਿਆਂ, ਸਾਖਰਤਾ ਅਤੇ ਅੰਕਾਂ ਦੀ ਸਹਾਇਤਾ ਅਤੇ ਸਕੂਲ ਤੋਂ ਬਾਅਦ ਦੇ ਵਿਕਲਪ ਸ਼ਾਮਲ ਹੋਣਗੇ। ਤੁਹਾਡੀ ਸ਼ਮੂਲੀਅਤ ਬਹੁਤ ਮਹੱਤਵਪੂਰਣ ਹੈ।

HSC ਦੇ ਘੱਟੋ-ਘੱਟ ਮਿਆਰ ਪ੍ਰੀਖਿਆ ਦੇ ਨਤੀਜੇ ਤੁਹਾਡੇ ਬੱਚੇ ਦੇ ਵਿਦਿਆਰਥੀ ਆਨਾਈਨ Student Online ਖਾਤੇ ਜੋ NSW ਐਜੂਕੇਸ਼ਨ ਸਟੈਂਡਰਡ ਅਥਾਰਟੀ (NESA) ਦੇ ਵੈਬਸਾਈਟ ‘ਤੇ ਉਪਲਬਧ ਹਨ ਤੋਂ ਮਿਲ ਸਕਦੇ ਹਨ। ਮੀਟਿੰਗ ਸਮੇਂ ਇਸ ਦੀ ਕਾਪੀ ਸਾਡੇ ਕੋਲ ਹੋਵੇਗੀ।

ਜੇ ਤੁਸੀਂ ਇਸ ਮੀਟਿੰਗ ਸਮੇਂ ਇੱਕ ਦੁਭਾਸ਼ੀਆ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ ਜੋ ਇੱਸ ਦਾ ਪ੍ਰਬੰਧ ਕਰੇਗਾ ਜੇ ਉਪਲਬਧ ਹੋਵੇ।.

## ਟੈਲੀਫੋਨ ਦੁਭਾਸ਼ਿਆਈ ਸੇਵਾ

ਜੇ ਤੁਹਾਨੂੰ ਸਕੂਲ ਨਾਲ ਸੰਪਰਕ ਕਰਨ ਲਈ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਹੈ, ਤਾਂ ਕਿਰਪਾ ਕਰਕੇ 13 14 50 ‘ਤੇ ਟੈਲੀਫੋਨ ਇੰਟਰਪ੍ਰੈਟਰ ਸਰਵਿਸ ਨੂੰ ਫੋਨ ਕਰੋ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਏ ਦੀ ਮੰਗ ਕਰੋ। ਅਪਰੇਟਰ ਸਕੂਲ ਨੂੰ ਫੋਨ ਕਰੇਗਾ ਅਤੇ ਗੱਲਬਾਤ ਵਿੱਚ ਸਹਾਇਤਾ ਲਈ ਲਾਈਨ ‘ਤੇ ਇੱਕ ਦੁਭਾਸ਼ੀਏ ਨੂੰ ਲਿਆਵੇਗਾ। ਤੁਹਾਡੇ ਕੋਲੋਂ ਇਸ ਸੇਵਾ ਲਈ ਪੈਸੇ ਨਹੀਂ ਲਏ ਜਾਣਗੇ।

ਤੁਹਾਡਾ ਸ਼ੁਭ ਚਿੰਤਕ

ਪ੍ਰਿੰਸੀਪਲ (Principal)

HSC ਦੀ ਘੱਟੋ ਘੱਟ ਮਿਆਰੀ ਨੀਤੀ ਬਾਰੇ ਵਧੇਰੇ ਜਾਣਕਾਰੀ NESA ਦੀ ਵੈਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ

https://educationstandards.nsw.edu.au/wps/portal/nesa/11-12/hsc/hsc-minimum-standard